ਪੋਲੈਂਡ 'ਚ ਠੰਢ ਕਾਰਨ ਹੁਣ ਤਕ 54 ਲੋਕਾਂ ਦੀ ਮੌਤ

ਨਵੀਂ ਦਿੱਲੀ, 2 ਫ਼ਰਵਰੀ : ਪੋਲੈਂਡ ਵਿਚ ਪੈ ਰਹੀ ਭਾਰੀ ਠੰਢ ਅਤੇ ਘਟਦੇ ਤਾਪਮਾਨ ਕਾਰਨ ਹੁਣ ਤਕ 54 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦਕਿ ਹਾਈਪੋਥਰਮੀਆ ਦੇ 36 ਹੋਰ ਮਾਮਲੇ ਸਾਹਮਣੇ ਆਏ ਹਨ। ਅੰਦਰੂਨੀ ਮਾਮਲਿਆਂ ਦੇ ਉਪ ਮੰਤਰੀ ਵਿਸਲਾਵ ਸਜ਼ਕਜ਼ੇਪਨਸਕੀ ਨੇ ਦਸਿਆ ਕਿ ਠੰਢ ਦੀ ਲਹਿਰ ਅਪਣੇ ਸਿਖਰ 'ਤੇ ਪਹੁੰਚ ਰਹੀ ਹੈ। ਛੱਡੀਆਂ ਹੋਈਆਂ ਇਮਾਰਤਾਂ ਵਿਚ ਰਹਿ ਰਹੇ ਲੋਕਾਂ ਨੂੰ ਇਸ ਠੰਢ ਤੋਂ ਸੱਭ ਤੋਂ ਵੱਧ ਖ਼ਤਰਾ ਹੈ। ਪ੍ਰਸ਼ਾਸਨ ਨੇ ਇਨ੍ਹਾਂ ਲੋਕਾਂ ਨੂੰ ਤੁਰਤ ਗਰਮ ਸਥਾਨਾਂ 'ਤੇ ਜਾਣ ਦੀ ਅਪੀਲ ਕੀਤੀ ਹੈ ਕਿਉਂਕਿ ਆਉਣ ਵਾਲੀ ਰਾਤ ਸੱਭ ਤੋਂ ਠੰਢੀ ਰਾਤ ਹੋਣ ਦੀ ਭਵਿੱਖਬਾਣੀ ਕੀਤੀ ਗਈ ਹੈ। ਅੱਤ ਦੀ ਠੰਢ ਕਾਰਨ ਤਿੰਨ ਸੂਬਿਆਂ-ਮਾਸੋਵਿਅਨ, ਵਾਰਮੀਅਨ-ਮਾਸੂਰੀਅਨ ਅਤੇ ਪੋਮੇਰੇਨੀਅਨ ਵਿਚ ਸਕੂਲਾਂ ਨੂੰ ਬੰਦ ਕਰਨ ਦਾ ਐਲਾਨ ਕੀਤਾ ਗਿਆ ਹੈ। ਦੱਖਣੀ ਖੇਤਰਾਂ ਵਿਚ ਬਾਰਸ਼ ਅਤੇ ਤਾਪਮਾਨ ਵਿਚ ਗਿਰਾਵਟ ਕਾਰਨ ਸੜਕਾਂ 'ਤੇ ਬਰਫ਼ ਜੰਮਣ ਦੀ ਸੰਭਾਵਨਾ ਹੈ, ਜੋ ਸਫ਼ਰ ਨੂੰ ਖ਼ਤਰਨਾਕ ਬਣਾ ਸਕਦੀ ਹੈ। ਡਰਾਈਵਰਾਂ ਨੂੰ ਸਲਾਹ ਦਿਤੀ ਗਈ ਹੈ ਕਿ ਉਹ ਗਰਮ ਕੱਪੜੇ, ਗਰਮ ਪੀਣ ਵਾਲੀਆਂ ਵਸਤਾਂ ਅਤੇ ਬਾਲਣ ਅਪਣੇ ਨਾਲ ਰੱਖਣ। ਵਾਰਸਾ ਅਤੇ ਰਾਡੋਮ ਵਿੱਚ ਲੋੜਵੰਦਾਂ ਲਈ 24 ਘੰਟੇ ਖੁੱਲ੍ਹਣ ਵਾਲੇ ਵਿਸ਼ੇਸ਼ ਟੈਂਟ ਲਗਾਏ ਗਏ ਹਨ। ਇਸ ਤੋਂ ਇਲਾਵਾ ਲੋਕਾਂ ਨੂੰ ਗਰਮਾਹਟ ਅਤੇ ਸੁਰੱਖਿਆ ਪ੍ਰਦਾਨ ਕਰਨ ਲਈ ਰੇਲਵੇ ਸਟੇਸ਼ਨਾਂ ਨੂੰ ਵੀ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਸਰਕਾਰ ਅਤੇ ਸੰਕਟ ਪ੍ਰਬੰਧਨ ਟੀਮਾਂ ਸਥਿਤੀ 'ਤੇ ਲਗਾਤਾਰ ਨਜ਼ਰ ਰੱਖ ਰਹੀਆਂ ਹਨ ਤਾਂ ਜੋ ਹੋਰ ਜਾਨੀ ਨੁਕਸਾਨ ਨੂੰ ਰੋਕਿਆ ਜਾ ਸਕੇ। **(ਏਜੰਸੀ)**

ਇਜ਼ਰਾਈਲ ਨੇ ਕੀਤਾ ਰਫਾਹ ਬਾਰਡਰ ਕਰਾਸਿੰਗ ਖੋਲ੍ਹਣ ਦਾ ਐਲਾਨ

ਕਾਇਰੋ, 2 ਫ਼ਰਵਰੀ : ਇਜ਼ਰਾਈਲ ਨੇ ਗਾਜ਼ਾ ਅਤੇ ਮਿਸਰ ਵਿਚਕਾਰ ਰਫਾਹ ਬਾਰਡਰ ਕਰਾਸਿੰਗ ਨੂੰ ਸੀਮਤ ਫ਼ਲਸਤੀਨੀ ਆਵਾਜਾਈ ਲਈ ਪ੍ਰਯੋਗਾਤਮਕ ਤੌਰ 'ਤੇ ਖੋਲ੍ਹਣ ਦਾ ਐਲਾਨ ਕੀਤਾ ਹੈ। ਇਸ ਕਦਮ ਨੂੰ ਇਜ਼ਰਾਈਲ-ਹਮਾਸ ਜੰਗਬੰਦੀ ਨੂੰ ਅੱਗੇ ਵਧਾਉਣ ਲਈ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਐਤਵਾਰ ਨੂੰ ਰਫਾਹ ਸਰਹੱਦ 'ਤੇ ਚਹਿਲ-ਪਹਿਲ ਦੇਖੀ ਗਈ। ਇਜ਼ਰਾਈਲੀ ਫ਼ੌਜੀ ਏਜੰਸੀ ਸੀ. ਓ. ਜੀ. ਏ. ਟੀ. ਨੇ ਕਿਹਾ ਕਿ ਕਰਾਸਿੰਗ ਨੂੰ ਪੂਰੀ ਤਰ੍ਹਾਂ ਸੰਚਾਲਨ ਲਈ ਤਿਆਰ ਕੀਤਾ ਜਾ ਰਿਹਾ ਹੈ, ਜਿਸ ਨਾਲ ਗਾਜ਼ਾ ਵਾਸੀ ਇਥੋਂ ਆਵਾਜਾਈ ਕਰ ਸਕਣਗੇ। ਮਿਸਰੀ ਅਧਿਕਾਰੀਆਂ ਨੇ ਦਸਿਆ ਕਿ ਫ਼ਲਸਤੀਨੀ ਸੁਰੱਖਿਆ ਅਧਿਕਾਰੀ ਮਿਸਰ ਵਾਲੇ ਗੇਟ ਰਾਹੀਂ ਕਰਾਸਿੰਗ ਵਿਚ ਦਾਖ਼ਲ ਹੋਏ ਅਤੇ ਯੂਰਪੀਅਨ ਯੂਨੀਅਨ ਮਿਸ਼ਨ ਤਹਿਤ ਪ੍ਰਵੇਸ਼ ਅਤੇ ਨਿਕਾਸ ਦੀ ਨਿਗਰਾਨੀ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਸ਼ੁਰੂ ਵਿਚ 50 ਮਰੀਜ਼ਾਂ ਨੂੰ ਜਾਣ ਦੀ ਇਜਾਜ਼ਤ ਦਿਤੀ ਜਾਵੇਗੀ ਅਤੇ ਹਰ ਮਰੀਜ਼ ਦੇ ਨਾਲ 2 ਪਰਵਾਰਕ ਮੈਂਬਰਾਂ ਨੂੰ ਯਾਤਰਾ ਕਰਨ ਦੀ ਇਜਾਜ਼ਤ ਦਿਤੀ ਜਾਵੇਗੀ। ਯੁੱਧ ਦੌਰਾਨ ਗਾਜ਼ਾ ਛੱਡਣ ਵਾਲੇ ਲਗਭਗ 50 ਲੋਕਾਂ ਨੂੰ ਰੋਜ਼ਾਨਾ ਵਾਪਸ ਆਉਣ ਦੀ ਇਜਾਜ਼ਤ ਦਿਤੀ ਜਾਵੇਗੀ।

ਯੂਰਪੀ ਯੂਨੀਅਨ ਦੇ ਫ਼ੈਸਲੇ 'ਤੇ ਇਰਾਨ ਔਖਾ, ਵਿਦੇਸ਼ ਮੰਤਰਾਲੇ ਨੇ ਰਾਜਦੂਤਾਂ ਨੂੰ ਸੱਦ ਕੇ ਪ੍ਰਗਟਾਇਆ ਇਤਰਾਜ਼

ਦੁਬਈ, 2 ਫ਼ਰਵਰੀ : ਇਰਾਨ ਅਤੇ ਯੂਰਪੀਅਨ ਯੂਨੀਅਨ ਦੇ ਸਬੰਧਾਂ ਵਿਚ ਇਕ ਵਾਰ ਫਿਰ ਵੱਡੀ ਤਲਖ਼ੀ ਦੇਖਣ ਨੂੰ ਮਿਲ ਰਹੀ ਹੈ। ਇਰਾਨ ਨੇ ਅਪਣੇ ਅਰਧ ਸੈਨਿਕ ਬਲ 'ਰਿਵੋਲਿਊਸ਼ਨਰੀ ਗਾਰਡ' ਨੂੰ ਅਤਿਵਾਦੀ ਸੰਗਠਨ ਘੋਸ਼ਿਤ ਕੀਤੇ ਜਾਣ ਦੇ ਵਿਰੋਧ ਵਿਚ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਯੂਰਪੀਅਨ ਯੂਨੀਅਨ ਦੇ ਸਾਰੇ ਰਾਜਦੂਤਾਂ ਨੂੰ ਤਲਬ ਕਰ ਲਿਆ ਹੈ। ਇਰਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਾਘਾਈ ਨੇ ਸੋਮਵਾਰ ਨੂੰ ਮੀਡੀਆ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਯੂਰਪੀ ਸੰਘ ਦੇ ਫ਼ੈਸਲੇ 'ਤੇ ਅਪਣਾ ਵਿਰੋਧ ਦਰਜ ਕਰਵਾਉਣ ਲਈ ਇਨ੍ਹਾਂ ਰਾਜਦੂਤਾਂ ਨੂੰ ਐਤਵਾਰ ਨੂੰ ਤਲਬ ਕੀਤਾ ਗਿਆ ਸੀ। ਇਰਾਨ ਦਾ ਮੰਨਣਾ ਹੈ ਕਿ ਯੂਰਪੀਅਨ ਯੂਨੀਅਨ ਦਾ ਇਹ ਕਦਮ ਗ਼ੈਰ-ਕਾਨੂੰਨੀ ਅਤੇ ਭੜਕਾਊ ਹੈ।

ਪੰਜਾਬ ਸਰਕਾਰ

ਟੈਂਡਰ/ਆਰਐਫਪੀ ਰੈਫਰੈਂਸ ਨੰ. ਈ-ਟੈਂਡਰ/ਐਮਸੀ/ਸੁਨਾਮ/2025-26/30

ਵਿਭਾਗ ਮਿਊਂਸਪਲ ਕੌਂਸਲ ਸੁਨਾਮ ਵੱਖ-ਵੱਖ ਸਿਵਲ ਕੰਮਾਂ ਲਈ ਆਨਲਾਈਨ ਬੋਲੀਆਂ ਮੰਗਦਾ ਹੈ:-

ਬੰਦ ਹੋਣ ਦੀ ਮਿਤੀ ਤੇ ਸਮਾਂ: 12-02-2026 ਸਵੇਰੇ 11.00 ਵਜੇ

ਵਧੇਰੇ ਜਾਣਕਾਰੀ ਲਈ ਲਾਗਇਨ ਕਰੋ: www.eproc.punjab.gov.in

ਨੋਟ: ਟੈਂਡਰ/ਆਰਐਫਪੀ ਨੋਟਿਸ ਲਈ ਕੋਈ ਵੀ ਸੋਧ(ਾਂ) ਵੈਬਸਾਈਟ ਤੇ ਹੀ ਪ੍ਰਕਾਸ਼ਿਤ ਕੀਤੀ ਜਾਵੇਗੀ।

ਪ੍ਰਧਾਨ — ਕਾਰਜ ਸਾਧਕ ਅਫਸਰ

ਮਿਊਂਸਪਲ ਕੌਂਸਲ, ਸੁਨਾਮ — 1611/12/2025-26/7767 — ਮਿਊਂਸਪਲ ਕੌਂਸਲ, ਸੁਨਾਮ

ਪੰਜਾਬ ਸਰਕਾਰ

ਮਿਊਂਸਪਲ ਕਾਰਪੋਰੇਸ਼ਨ ਲੁਧਿਆਣਾ ਲੁਧਿਆਣਾ
ਈ-ਟੈਂਡਰਸ (ਬੀ ਐਂਡ ਆਰ ਵਰਕਸ) ਸੱਦਾ ਨੋਟਿਸ
ਐਨਆਈਟੀ ਨੰ. 494/ਐਸਈ (ਟੀਆਈਸੀ), ਮਿਤੀ 30.01.2026

ਵਿਭਾਗ ਮਿਊਂਸਪਲ ਕਾਰਪੋਰੇਸ਼ਨ ਲੁਧਿਆਣਾ (ਬੀ ਅਤੇ ਆਰ) ਹੇਠ ਦਰਸਾਏ ਸ਼ਡਿਊਲ ਅਨੁਸਾਰ ਦੱਖਣੀ ਹਲਕੇ ਵਿੱਚ ਢੈਡਾਰੀ ਕਲਾਂ ਵਿਖੇ ਫਾਇਰ ਸਟੇਸ਼ਨ ਦੀ ਉਸਾਰੀ ਦਾ ਕੰਮ (ਪਹਿਲੀ ਵਾਰ) ਲਈ ਡਬਲ ਬਿੰਡ ਆਨਲਾਈਨ ਬੋਲੀਆਂ ਮੰਗਦਾ ਹੈ:-

ਬੰਦ ਹੋਣ ਦੀ ਮਿਤੀ ਅਤੇ ਸਮਾਂ:- 16.02.2026 ਸ਼ਾਮ 05.00 ਵਜੇ ਤੱਕ

ਹੋਰ ਵੇਰਵਿਆਂ ਲਈ ਲਾਗਿਨ ਕਰੋ: eproc.punjab.gov.in

ਨੋਟ: ਕੰਮ ਦੇ ਵੇਰਵੇ, ਹੋਰ ਨਿਯਮ ਅਤੇ ਸ਼ਰਤਾਂ ਅਤੇ ਟੈਂਡਰ ਦਸਤਾਵੇਜ਼ਾਂ ਟੈਂਡਰ ਨੋਟਿਸ ਲਈ ਕੋਈ ਸੋਧ/ਵਾਧਾ ਸਿਰਫ ਉਪਰੋਕਤ ਵੈਬਸਾਈਟ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।

ਸੁਪਰੀਟੈਂਡਿੰਗ ਇੰਜੀਨੀਅਰ (ਟੀਆਈਸੀ)
ਮਿਊਂਸਪਲ ਕਾਰਪੋਰੇਸ਼ਨ ਲੁਧਿਆਣਾ

1692/12/2025-26/7758

ਪੰਜਾਬ ਸਰਕਾਰ

ਮਿਊਂਸਪਲ ਕਾਰਪੋਰੇਸ਼ਨ ਲੁਧਿਆਣਾ ਲੁਧਿਆਣਾ
ਈ-ਟੈਂਡਰਸ (ਬੀ ਐਂਡ ਆਰ/ਇਲੈਕਟ੍ਰੀਕਲ-ਵਰਕਸ) ਸੱਦਾ ਨੋਟਿਸ
ਐਨਆਈਟੀ ਨੰ. 489/ਐਸਈ (ਟੀਆਈਸੀ), ਮਿਤੀ 30.01.2026

ਵਿਭਾਗ ਮਿਊਂਸਪਲ ਕਾਰਪੋਰੇਸ਼ਨ ਲੁਧਿਆਣਾ (ਬੀ ਅਤੇ ਆਰ) ਹੇਠ ਦਰਸਾਏ ਸ਼ਡਿਊਲ ਅਨੁਸਾਰ 02 ਕੰਮਾਂ (ਪਹਿਲੀ ਵਾਰ) ਲਈ ਡਬਲ ਬਿੰਡ ਆਨਲਾਈਨ ਬੋਲੀਆਂ ਮੰਗਦਾ ਹੈ:-

ਬੰਦ ਹੋਣ ਦੀ ਮਿਤੀ ਅਤੇ ਸਮਾਂ:- ਲੜੀ ਨੰ. 1 ਲਈ: 16.02.2026 ਸ਼ਾਮ 05.00 ਵਜੇ ਤੱਕ
ਲੜੀ ਨੰ. 2 ਲਈ: 13.02.2026 ਸ਼ਾਮ 05.00 ਵਜੇ ਤੱਕ

ਹੋਰ ਵੇਰਵਿਆਂ ਲਈ ਲਾਗਿਨ ਕਰੋ: eproc.punjab.gov.in

ਨੋਟ: ਕੰਮ ਦੇ ਵੇਰਵੇ, ਹੋਰ ਨਿਯਮ ਅਤੇ ਸ਼ਰਤਾਂ ਅਤੇ ਟੈਂਡਰ ਦਸਤਾਵੇਜ਼ਾਂ ਟੈਂਡਰ ਨੋਟਿਸ ਲਈ ਕੋਈ ਸੋਧ/ਵਾਧਾ ਸਿਰਫ ਉਪਰੋਕਤ ਵੈਬਸਾਈਟ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।

ਸੁਪਰੀਟੈਂਡਿੰਗ ਇੰਜੀਨੀਅਰ (ਟੀਆਈਸੀ)
ਮਿਊਂਸਪਲ ਕਾਰਪੋਰੇਸ਼ਨ ਲੁਧਿਆਣਾ

1692/12/2025-26/7748

ਪਬਲਿਕ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਖੇਤੀਬਾੜੀ ਦੇ ਕਿਸਾਨ ਭਲਾਈ ਵਿਭਾਗ ਜ਼ਿਲ੍ਹਾ ਰੂਪਨਗਰ ਵੱਲੋਂ NMEO-OS ਸਕੀਮ ਅਧੀਨ ਸਰੋਂ ਵਿੱਚੋਂ ਤੇਲ ਕੱਢਣ ਵਾਸਤੇ ਇੱਕ ਆਇਲ ਐਕਸੈਪਸ਼ਨ ਯੂਨਿਟ ਸਥਾਪਿਤ ਕੀਤਾ ਜਾਣਾ ਹੈ। ਸਕੀਮ ਦੀਆਂ ਸ਼ਰਤਾਂ ਮੁਤਾਬਿਕ ਜਿਲੇ ਅਧੀਨ ਕੋਈ ਵੀ ਫਾਰਮ ਪ੍ਰੋਡਿਊਸਰ ਔਰਗਨਾਈਜੇਸ਼ਨ ਕੋਆਪਰੇਟਿਵ, ਤੇਲ ਬੀਜ ਪ੍ਰੋਸੈਸਿੰਗ ਲਈ ਇਨਵੋਲਵਡ ਰਜਿਸਟਰਡ ਸਟਾਰਟਅੱਪਸ, ਮਿਸ਼ਨ ਅਧੀਨ ਵੈਲਿਊ ਚੇਨ ਪਾਰਟਨਰ ਅਤੇ ਸਰਕਾਰੀ/ਗੈਰ ਸਰਕਾਰੀ ਇੰਡਸਟਰੀ 33% ਸਬਸਿਡੀ (ਵੱਧ ਤੋਂ ਵੱਧ 9.90 ਲੱਖ ਰੁਪਏ) ਤੇ ਇਹ ਯੂਨਿਟ ਲੈਣ ਲਈ ਮਿਤੀ 5 ਫਰਵਰੀ 2026 ਤੱਕ ਨਿਮਨਹਸਤਾਖਰ ਦੇ ਦਫਤਰ ਨੂੰ ਅਰਜੀ ਦੇ ਸਕਦੇ ਹਨ। ਜ਼ਿਆਦਾ ਅਰਜੀਆਂ ਪ੍ਰਾਪਤ ਹੋਣ ਦੀ ਸੂਰਤ ਵਿੱਚ ਜਿਲਾ ਪੱਧਰ ਤੇ ਆਇਲਸੀਡਸ ਮਿਸ਼ਨ ਤਹਿਤ ਬਣੀ ਜ਼ਿਲ੍ਹਾ executive ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ। ਇਸ ਅੰਤਿਮ ਮਿਤੀ 5 ਫਰਵਰੀ 2026 ਤੋਂ ਬਾਅਦ ਕੋਈ ਵੀ ਅਰਜੀ ਵਿਚਾਰੀ ਨਹੀਂ ਜਾਵੇਗੀ।

2926/12/2025-26/7774 — ਸਹੀ/- ਮੁੱਖ ਖੇਤੀਬਾੜੀ ਅਫਸਰ, ਰੂਪਨਗਰ

ਪੰਜਾਬ ਸਰਕਾਰ

ਵਿਭਾਗ **ਮਿਊਂਸਪਲ ਕੌਂਸਲ ਸੰਗਰੂਰ** ਵੱਖ-ਵੱਖ ਸਿਵਲ ਕੰਮਾਂ, ਲੇਬਰ ਦੀ ਸਪਲਾਈ ਅਤੇ ਮਟੀਰੀਅਲ ਦੀ ਸਪਲਾਈ ਲਈ ਆਨਲਾਈਨ ਬੋਲੀਆਂ ਮੰਗਦਾ ਹੈ।

ਲੜੀ ਨੰ.	ਟੈਂਡਰ ਰੈਫਰੈਂਸ ਨੰ.	ਬੰਦ ਹੋਣ ਦੀ ਮਿਤੀ ਤੇ ਸਮਾਂ
1.	ਈ-ਟੈਂਡਰ/ਐਮਸੀ/ਸੰਗਰੂਰ/2025-26/37	13.02.2026 ਸਵੇਰੇ 11 ਵਜੇ

ਵੇਰਵਿਆਂ ਲਈ ਲਾਗਇਨ ਕਰੋ: https://eproc.punjab.gov.in
ਨੋਟ: ਕੋਈ ਵੀ ਕੋਰੀਜੰਡਮ ਟੈਂਡਰ/ਆਰਐਫਪੀ ਨੋਟਿਸ ਵੈਬਸਾਈਟ ਤੇ ਹੀ ਪ੍ਰਕਾਸ਼ਿਤ ਕੀਤਾ ਜਾਵੇਗਾ।

ਕਾਰਜਕਾਰੀ ਅਧਿਕਾਰੀ,
ਮਿਊਂਸਪਲ ਕੌਂਸਲ,
ਸੰਗਰੂਰ

1611/12/2025-26/7746

ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ

55-56, ਪੰਜਵੀਂ ਮੰਜ਼ਿਲ, ਫ੍ਰੀ ਪ੍ਰੈਸ ਹਾਊਸ, ਨਰੀਮਨ ਪੁਆਇੰਟ, ਮੁੰਬਈ-400021, ਫੋਨ : 022-61884700
ਈਮੇਲ : sys@pegasus-arc.com, URL : www.pegasus-arc.com

ਈ ਨਿਲਾਮੀ ਵਿਕਰੀ ਲਈ ਜਨਤਕ ਸੂਚਨਾ

ਸਕਿਓਰਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਸਕਿਓਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰਸਟ ਐਕਟ 2002 ਅਧੀਨ ਅਚੱਲ ਸਕਿਓਰਡ ਐਸਟਸ ਦੀ ਵਿਕਰੀ

ਆਮ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ ਅਤੇ ਗਰੰਟਰ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ ਨੇ ਪੇਗਾਸੂਸ ਗਰੁੱਪ ਥ੍ਰੀ ਟਰੱਸਟ III ('ਪੇਗਾਸੂਸ') ਦੀ ਸਮਰੱਥਾ ਵਜੋਂ ਕੰਮ ਕਰਦਿਆਂ ਇੰਡੀਅਨ ਬੈਂਕ (ਪਹਿਲੀ ਅਲਾਹਾਬਾਦ ਬੈਂਕ) ਸਰਫਾਇਸੀ ਐਕਟ, 2002 ਅਤੇ ਇਸ ਦੇ ਰੂਲਜ਼ ਦੀਆਂ ਤਜਵੀਜ਼ਾਂ ਅਧੀਨ ਮਿਤੀ 27.09.2013 ਦੇ ਅਸਾਈਨਮੈਂਟ ਐਗਰੀਮੈਂਟ ਤਹਿਤ 'ਜਿਵੇਂ ਹੈ', 'ਜਿੱਥੇ ਹੈ' ਅਤੇ, 'ਜੋ ਵੀ ਉੱਥੇ ਹੈ' ਦੇ ਆਧਾਰ 'ਤੇ ਹੇਠ ਦਰਸਾਏ ਕਰਜ਼ਦਾਰ ਤੋਂ ਸਮੇਤ ਹੇਠ ਲਿਖੀਆਂ ਸਕਿਓਰਿਟੀਜ਼, ਵਿਆਜ ਸਮੇਤ ਬਕਾਇਆ ਪ੍ਰਾਪਤ ਕਰਨ ਲਈ ਨਿਯੁਕਤ ਕੀਤਾ ਜਾ ਰਿਹਾ ਹੈ।

ਪੇਗਾਸੂਸ ਦੇ ਅਧਿਕਾਰਤ ਅਫ਼ਸਰ ਨੇ ਹੇਠ ਦਰਸਾਈ ਅਚੱਲ ਜਾਇਦਾਦ ਵਜੋਂ ਸਕਿਓਰਡ ਐਸਟਸ ਦਾ ਭੌਤਿਕ ਕਬਜਾ 17.02.2025 ਨੂੰ ਸਰਫਾਇਸੀ ਐਕਟ ਅਤੇ ਸਰਫਾਇਸੀ ਰੂਲਜ਼ ਦੀਆਂ ਧਾਰਾਵਾਂ ਹੇਠ ਅਨੁਸਾਰ ਨਿਲਾਮੀ ਦੇ ਵੇਰਵੇ

ਕਰਜ਼ਦਾਰ/ਗਰੰਟਰ ਦਾ ਨਾਂ	1. ਮੈਸ. ਰਾਜ਼ ਟਰਾਂਸਮਿਸ਼ਨ ਇੰਜੀਨੀਅਰਿਗ ਲਿਮਟਿਡ-ਕਰਜ਼ਦਾਰ(CIRP ਅਧੀਨ), 2. ਸ੍ਰੀ ਰਾਜੇਂਦਰ ਕੁਮਾਰ ਚੋਹਾਨ (ਡਾਇਰੈਕਟਰ/ਗਰੰਟਰ) 3. ਸ੍ਰੀਮਤੀ ਸੁਨੀਤਾ ਚੋਹਾਨ (ਡਾਇਰੈਕਟਰ ਤੇ ਗਿਰਵੀਕਾਰ/ਗਰੰਟਰ) 4. ਸ੍ਰੀ ਰਵੀ ਚੋਹਾਨ (ਡਾਇਰੈਕਟਰ/ਗਰੰਟਰ)
ਸਕਿਓਰਡ ਐਸਟ ਜਿਹੜੇ ਵੇਚੇ ਜਾਣ ਲਈ ਬਕਾਇਆ ਰਕਮ	ਰੁ. 1,48,03, 01,164.55/- (ਇੱਕ ਸੌ ਅੜਤਾਲੀ ਕਰੋੜ ਤਿੰਨ ਲੱਖ ਇੱਕ ਹਜ਼ਾਰ ਇੱਕ ਸੌ ਚੌਂਹਟ ਰੁ. ਪਚਵੰਜਾ ਪੈਸੇ ਸਿਰਫ਼) ਮਿਤੀ 31.11.2025 ਨੂੰ ਸਮੇਤ ਅਗਾਊਂ ਵਿਆਜ ਭਾਵ 01.12.2025 ਤੋਂ ਕੰਟਰੈਕਚੁਅਲ ਦਰ ਨਾਲ ਅਤੇ ਲਾਗਤਾਂ, ਚਾਰਜਿਜ਼ ਅਤੇ ਇਸ 'ਤੇ ਹੋਰ ਖਰਚੇ ਅੰਦਾਜ਼ਿਗੀ ਅਤੇ ਪ੍ਰਾਪਤੀ ਦੀ ਮਿਤੀ ਤੱਕ।
ਅਚੱਲ ਜਾਇਦਾਦ ਵਜੋਂ ਸਕਿਓਰਡ ਐਸਟ ਜਿਹੜੀ ਵੇਚੀ ਜਾਣੀ ਹੈ ਦੇ ਵੇਰਵੇ	ਫੈਕਟਰੀ, ਜਮੀਨ ਅਤੇ ਇਮਾਰਤ, ਵਿੱਚ ਸ਼ਾਮਲ ਖਾਤਾ ਨੰ. ਖਾਤਾ ਨੰ.261/436, ਖਸਰਾ ਨੰ. 34//1ਮਿਨ (2-18-13), 2 ਮਿਨ (3-7-11), 3 ਮਿਨ (2-13-6),ਹੁੱਦਬਸਤ ਨੰ. 10, ਕੁੱਲ ਜਮੀਨ ਮਿਣਤੀ 08 ਬਿੰਘਾ 19 ਬਿਸਵੇ 10 ਬਿਸਵਾਂਸੀ, ਸਥਿਤ ਹੈ ਪਿੰਡ ਸੈਦਪੁਰਾ ਬਰਵਾਲਾ ਰੋਡ, ਤਹਿਸੀਲ ਡੇਰਾ ਬਸੀ, ਜ਼ਿਲ੍ਹਾ ਮੋਹਾਲੀ, ਪੰਜਾਬ, ਰਜਿਸਟਰਡ ਹੈ ਸਬ ਰਜਿਸਟਰਾਰ ਡੇਰਾਬਸੀ ਵਿਖੇ ਸੇਲ ਡੀਡ ਨੰ. 1669, ਮਿਤੀ 21.05.2004, ਹੱਦਾਂ ਇਸ ਤਰ੍ਹਾਂ : ਪੂਰਬ: ਹੋਰ ਪਲਾਟ, ਪੱਛਮ: ਰੋਡ, ਉਤਰ: ਰੋਡ ਅਤੇ ਖੇਤੀਯੋਗ ਜ਼ਮੀਨ, ਦੱਖਣ: ਹੋਰ ਪਲਾਟ, ਸ੍ਰੀਮਤੀ ਸੁਨੀਤਾ ਦੇਵੀ ਚੋਹਾਨ, ਪਤਨੀ ਸ੍ਰੀ ਰਾਜਿੰਦਰ ਕੁਮਾਰ ਚੋਹਾਨ ਦੀ ਮਲਕੀਅਤ।
ਰਾਖਵੀਂ ਕੀਮਤ	Rs.3,66,32,000/- (ਤਿੰਨ ਕਰੋੜ ਛਿਆਹਟ ਲੱਖ ਬੱਤੀ ਹਜ਼ਾਰ ਰੁ. ਸਿਰਫ਼)
ਬਿਆਨਾ ਰਕਮ ਜਮ੍ਹਾਂ (ਰਾਖਵੀਂ ਕੀਮਤ ਦਾ 10%)	Rs.36,63,200/- (ਛੱਤੀ ਲੱਖ ਤਰੇਹਟ ਹਜ਼ਾਰ ਦੋ ਸੌ ਰੁ. ਸਿਰਫ਼)
ਦਾਅਵਾ ਜੋ ਕੋਈ ਹੈ, ਜਿਹੜਾ ਕਿ ਜਾਇਦਾਦ ਵਿਰੁਧ ਰੱਖਿਆ ਗਿਆ ਅਤੇ ਸਕਿਓਰਡ ਕ੍ਰੈਡੀਟਰ ਦੇ ਕੋਈ ਹੋਰ ਬਕਾਏ ਅਤੇ ਲਾਗਤ	ਪੱਤਾ ਨਹੀਂ
ਕੋਈ ਹੋਰ ਜਾਣਕਾਰੀ	ਪੱਤਾ ਨਹੀਂ
CERSAI ID	Security ID-400008580037 ; Asset ID-200008566476
ਜਾਇਦਾਦ ਦੀ ਪੜਤਾਲ	27.02.2026 ਨੂੰ ਦੁ. 12.00 ਵਜੇ ਤੋਂ ਬਾ.ਦੁ. 3.00 ਵਜੇ ਦੇ ਵਿਚਕਾਰ, ਸੰਪਰਕ ਵਿਅਕਤੀ : ਸ੍ਰੀ ਰਮਾਂਕਾਂਤ ਪਾਂਡੇ (ਅਧਿਕਾਰਤ ਅਫ਼ਸਰ)-9087788888, ਰਮੇਸ਼ ਗਿਰੀ: 9643468804
ਬੋਲੀ ਜਮ੍ਹਾਂ ਕਰਨ ਲਈ ਆਖਰੀ ਮਿਤੀ/ਬੋਲੀ :	09/03/2026 till 4:00 pm
ਬੋਲੀ ਖੋਲ੍ਹਣ ਦੀ ਮਿਤੀ ਅਤੇ ਸਥਾਨੰ	10.03.2026 ਨੂੰ ਸਵੇਰੇ 11.00 ਵਜੇ ਤੋਂ ਬਾ.ਦੁ. 1.00 ਵਜੇ ਤੱਕ ਵੈਬਸਾਈਟ (https://sarfaesi.auctiontiger.net) ਰਾਹੀਂ ਈ-ਨਿਲਾਮੀ/ਬੀਡਿੰਗ

ਇਹ ਪ੍ਰਕਾਸ਼ਨਾ ਉਪਰ ਦਰਸਾਏ ਕਰਜਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਨੂ